This question paper contains 3 printed pages]

*Your Roll No*................

428

**B.A. (PROGRAMME)/I** **B**

PUNJABI LANGUAGE (A)—Paper I

(Advanced Punjabi)

(Admission of 2004/2006 and onwards in respect of the students of Regular Colleges/NCWEB)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਨਿਬੰਧ ਲਿਖੋ :

   (ੳ) ਇੰਟਰਨੈੱਟ ਦਾ ਮਹੱਤਵ ।

   (ਅ) ਭ੍ਰਿਸ਼ਟਾਚਾਰ ।

   (ੲ) ਤੰਦਰੁਸਤੀ ਹਜ਼ਾਰ ਨਿਆਮਤ ਹੈ । 15

2. ਕਿਸੇ ਪੰਜਾਬੀ ਨਾਵਲ ਦੀ ਕਹਾਣੀ ਨੂੰ ਆਪਣੇ ਸ਼ਬਦਾਂ ਵਿਚ ਲਿਖੋ । 15

3. ਆਪਣੇ ਪੰਜਾਬੀ ਅਧਿਆਪਕ ਵਲੋਂ 'ਪੰਜਾਬੀ ਲਗਾਂ-ਲਗਾਖਰ' ਸੰਬੰਧੀ ਦਿੱਤੇ ਲੈਕੱਚਰ ਉਪਰ ਨੋਟਸ ਤਿਆਰ ਕਰੋ ।

ਜਾਂ

ਆਪਣੇ ਕਾਲਜ ਵਿਚ ਆਯੋਜਿਤ ਕੀਤੇ ਗਏ ਇਕ ਰੋਜ਼ਾ ਸੈਮੀਨਾਰ ਦੇ ਨੋਟਸ ਤਿਆਰ ਕਰੋ । 10

4. (ੳ) ਲਘੂ ਅਤੇ ਦੀਰਘ ਸੁਰ ਵਿਚਲਾ ਅੰਤਰ ਉਦਾਹਰਣਾਂ ਸਹਿਤ ਲਿਖੋ ।

ਜਾਂ

ਹੇਠ ਲਿਖੇ ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ :

ਸ਼ੈਹਰ, ਆਯਾ, ਛਰਬਤ, ਅੰਬਰਸਰ, ਜੀਬ, ਅਸ਼ਨਾਨ, ਕਵਿ, ਕੰਗਾ, ਜ਼ੈਹਰ, ਬਕੀਲ । 5

(ਅ) ਹੇਠ ਲਿਖੇ ਸ਼ਬਦਾਂ ਵਿਚੋਂ ਅਗੇਤਰ, ਪਿਛੇਤਰ ਵੱਖ-ਵੱਖ ਕਰਕੇ ਲਿਖੋ :

ਦੂਰਦਰਸ਼ਨ, ਪੁਨਰਜਨਮ, ਰਚਨਹਾਰਾ, ਜੋਸ਼ੀਲਾ, ਕਲਜੁੱਗ । 5

(ੲ) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਉਹ ਅਲੱਗ, ਅਲੱਗ ਅਰਥ ਦੇਣ ।

ਸੱਟ, ਹਾਰ, ਡੰਗ । 5

5. 'ਜਲ ਪ੍ਰਦੂਸ਼ਣ' ਤੋਂ ਪੈਦਾ ਹੋਈਆਂ ਸਮੱਸਿਆਵਾਂ ਉਪਰ ਦੋ ਮਿੱਤਰਾਂ ਵਿਚ ਹੋ ਰਹੀ ਚਰਚਾ ਨੂੰ ਵਾਰਤਾਲਾਪ ਵਿੱਚ ਲਿਖੋ ।

ਜਾਂ

ਆਪਣੀ ਕਿਸੀ ਮਨ-ਪਸੰਦ ਕਹਾਣੀ ਨੂੰ ਵਾਰਤਾਲਾਪ ਦੇ ਰੂਪ ਵਿਚ ਲਿਖੋ । 10

6. ਹੇਠ ਲਿਖੇ ਪੈਰ੍ਹੇ ਦਾ ਸਾਰ-ਤੱਤ (ਸਾਰਾਂਸ਼) ਦਿਉ :

"ਮਨੁੱਖ ਜਿਸ ਖੁਸ਼ੀ ਦੀ ਤਲਾਸ਼ ਵਿਚ ਸਾਰੀ ਉਮਰ ਭਟਕਦਾ ਹੈ, ਉਸਨੂੰ ਉਹ ਖੁਸ਼ੀ ਪੁਸਤਕਾਂ ਤੋਂ ਮਿਲ ਸਕਦੀ ਹੈ। ਇਹ ਗਿਆਨ ਦਾ ਭੰਡਾਰ ਹਨ। ਇਹ ਗਿਆਨ ਮਨੁੱਖ ਨੂੰ ਆਪਣੇ ਆਪੇ ਦੇ ਨੇੜੇ, ਉਸ ਕਾਦਰ ਦੇ ਨੇੜੇ ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ? ਲੈ ਜਾਂਦਾ ਹੈ। ਜਦੋਂ ਮਨੁੱਖ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਤਾਂ ਉਸ ਅੰਦਰ ਦੂਸਰਿਆ ਲਈ ਵੈਰ, ਵਿਰੋਧ, ਈਰਖਾ, ਤੇ ਜਲਨ ਨਹੀਂ ਰਹਿੰਦੀ। ਉਸਦੀ ਜਗ੍ਹਾ ਖੇੜਾ ਵੱਸ ਜਾਂਦਾ ਹੈ। ਸਾਡੇ ਕੋਲ ਮੌਜੂਦ ਹਨ ਸਾਡੇ ਵੇਦ, ਉਪਨਿਸ਼ਦ ਅਤੇ ਪਵਿੱਤਰ ਗ੍ਰੰਥ। ਇਹ ਮਨੁੱਖ ਨੂੰ ਚੰਗਾ ਜੀਵਨ ਜੀਊਣ ਦੀ ਜਾਚ ਸਿਖਾਉਂਦੇ ਹਨ। ਉਸਦਾ ਮਾਰਗ ਦਰਸ਼ਕ ਬਣ ਕੇ ਉਸ ਬ੍ਰਹਮ ਨਾਲ ਇੱਕ-ਮਿੱਕ ਹੋਣ ਦਾ ਢੰਗ ਦਸਦੇ ਹਨ ਅਤੇ ਸੰਸਾਰਿਕ ਦੁੱਖਾਂ, ਕਲੇਸ਼ਾਂ ਤੋਂ ਉੱਪਰ ਉੱਠ ਕੇ ਆਤਮਾ ਦਾ ਪਰਮਾਤਮਾ ਵਿਚ ਲੀਨ ਹੋਣ ਦਾ ਰਾਹ ਦਿਖਾਉਂਦੇ ਹਨ ਜੋ ਸਦੀਵੀ ਖੁਸ਼ੀ ਦਾ ਰਾਹ ਹੈ। 10